# ਦਫ਼ਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ), ਪੰਜਾਬ ਸਅਸ ਨਗਰ
## (ਸੈਕੰਡਰੀ ਸਿੱਖਿਆ ਸਾਖਾ)

ਵੱਲ,

1. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਸਿ), ਪੰਜਾਬ।
2. ਸਮੂਹ ਸਕੂਲ ਮੁਖੀ।(ਵੈਬ-ਸਾਈਟ ਰਾਹੀਂ)

ਮੀਮੋ ਨੰ: 19/1-2018ਸੈ:ਸਿ (4)/315
ਮਿਤੀ, ਸਅਸ ਨਗਰ:06.04.2018

**ਵਿਸ਼ਾ: ਵਿੱਦਿਅਕ ਵਰ੍ਹਾ 2018-19 ਦੌਰਾਨ ਹਫ਼ਤਾਵਾਰੀ/ ਜਮਾਤਵਾਰ ਪੀਰੀਅਡਜ਼ ਦੀ ਵੰਡ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕਰੋ ਜੀ।

2.0 ਵਿਸ਼ਾ- ਅੰਕਿਤ ਮਾਮਲੇ ਦੇ ਸਬੰਧ ਵਿੱਚ ਬਹੁਤ ਸਾਰੇ ਵਿੱਦਿਅਕ ਮਾਹਰਾਂ, ਬੁੱਧੀਜੀਵੀਆਂ ਅਤੇ ਵੱਖ-2 ਵਰਗਾਂ ਵੱਲੋਂ ਵਿਭਾਗ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਪਿਛਲੇ ਸਮੇਂ ਦੌਰਾਨ ਰਾਜ ਦੇ ਸਰਕਾਰੀ ਸਕੂਲਾਂ ਵਿੱਚ ਇੱਕ ਪੀਰੀਅਡ ਦਾ ਸਮਾਂ 35 ਮਿੰਟ ਕਰ ਦਿੱਤਾ ਗਿਆ ਸੀ ਅਤੇ ਵੱਖ-2 ਵਿਸ਼ਿਆਂ ਦੇ ਰੋਜ਼ਾਨਾ 9 ਪੀਰੀਅਡ ਤੇ ਹਫ਼ਤਾਵਾਰੀ 54 ਪੀਰੀਅਡ ਨਿਸਚਿਤ ਕੀਤੇ ਗਏ ਸਨ।ਇਸ ਤਰਾਂ ਅਧਿਆਪਕ ਤੇ ਵਿਦਿਆਰਥੀ ਨੂੰ 35 ਮਿੰਟ ਵਿੱਚ ਕਿਸੇ ਵਿਸ਼ੇ ਦਾ ਪਾਠ ਮੁਕੰਮਲ ਕਰਨ ਲਈ ਘੱਟ ਸਮਾਂ ਉਪਲਬਧ ਹੁੰਦਾ ਹੈ।ਇਸ ਸਬੰਧ ਵਿੱਚ ਕੁਝ ਦੂਜੇ ਰਾਜਾਂ ਜਿਵੇਂ ਹਰਿਆਣਾ,ਰਾਜਸਥਾਨ ਅਤੇ ਕੇਰਲਾ ਵਿੱਚ ਵੀ ਹਫਤਾਵਾਰੀ 48 ਪੀਰੀਅਡ ਦੀ ਵਿਵਸਥਾ ਹੈ।

3.0 ਇਸ ਮਾਮਲੇ ਨੂੰ ਵਿੱਦਿਅਕ ਮਾਹਰਾਂ ਨਾਲ ਵਿਚਾਰਨ ਉਪਰੰਤ ਇਹ ਫ਼ੈਸਲਾ ਕੀਤਾ ਗਿਆ ਹੈ ਕਿ ਚਾਲੂ ਵਿੱਦਿਅਕ ਵਰ੍ਹੇ ਦੌਰਾਨ ਇਹ ਸਮਾਂ ਵਧਾ ਕੇ 40 ਮਿੰਟ ਕੀਤਾ ਜਾਵੇ।ਇਸ ਤਰਾਂ ਸਕੂਲੀ ਸਮੇਂ ਨੂੰ ਇੰਨ-ਬਿੰਨ ਰੱਖਣ ਲਈ ਰੋਜ਼ਾਨਾ 8 ਪੀਰੀਅਡ ਅਤੇ ਹਫ਼ਤਾਵਾਰੀ 48 ਪੀਰੀਅਡ ਨਿਸਚਿਤ ਕੀਤੇ ਜਾਣ।ਇਸ ਤਰ੍ਹਾਂ ਹਰ ਅਧਿਆਪਕ ਨੂੰ ਆਪਣੇ ਵਿਸ਼ੇ ਦੇ ਪਾਠ ਨੂੰ ਮੁਕੰਮਲ ਕਰਨ ਵਿੱਚ ਸੌਖ ਹੋਵੇਗੀ।

4.0 ਇਸ ਲਈ ਸਮੂਹ ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਵਿੱਦਿਅਕ ਸਾਲ 2018-19 ਦੌਰਾਨ ਹੇਠ ਦਿੱਤੀ ਸਾਰਣੀ ਅਨੁਸਾਰ ਪੀਰੀਅਡ ਵੰਡ ਕਰਕੇ ਹੀ ਸਮਾਂ-ਸਾਰਣੀ ਬਣਾਉਣ:

**ਵਿਸ਼ੇਵਾਰ ਪੀਰੀਅਡਜ਼ ਦੀ ਵੰਡ (ਛੇਵੀਂ ਤੋਂ ਦਸਵੀਂ ਸ਼੍ਰੇਣੀਆਂ ਤੱਕ)**

| ਵਿਸ਼ਾ | 6ਵੀਂ ਤੋਂ 8ਵੀਂ ਜਮਾਤ ਲਈ ਪੀਰੀਅਡਾਂ ਦੀ ਗਿਣਤੀ | 9ਵੀਂ ਤੋਂ 10ਵੀਂ ਜਮਾਤ ਲਈ ਪੀਰੀਅਡਾਂ ਦੀ ਗਿਣਤੀ |
|---|---|---|
| ਅੰਗਰੇਜ਼ੀ | 8 | 7 |
| ਸਮਾਜਿਕ ਸਿੱਖਿਆ | 6 | 5 |
| ਪੰਜਾਬੀ | 6 | 6 |
| ਹਿੰਦੀ | 4 | 5 |
| ਹਿਸਾਬ | 8 | 7 |
| ਸਾਇੰਸ | 6 | 8 |
| ਸਰੀਰਕ ਸਿੱਖਿਆ | 3 | 3 |
| ਚੋਣਵਾਂ ਵਿਸ਼ਾ | 3 | 3 |
| ਕੰਪਿਊਟਰ | 4 | 4 |
| ਕੁੱਲ ਜੋੜ | 48 | 48 |

11ਵੀਂ ਅਤੇ 12ਵੀਂ ਸ਼੍ਰੇਣੀਆਂ ਲਈ ਵੱਖ-2 ਸਟਰੀਮ /ਗਰੁੱਪ/ ਵਿਸ਼ਿਆਂ ਦੀ ਹਫਤਾਵਾਰੀ ਪੀਰੀਅਡਾਂ ਦੀ ਗਿਣਤੀ ਹੇਠ ਲਿਖੇ ਅਨੁਸਾਰ ਹੈ : -

| ਲੜੀ ਨੰ. | ਸਟਰੀਮ/ਗਰੁੱਪ | ਵਿਸ਼ਾ | ਪੀਰੀਅਡਾਂ ਦੀ ਗਿਣਤੀ | |
|---|---|---|---|---|
| | | | ਥਿਊਰੀ | ਪ੍ਰੈਕਟੀਕਲ |
| 1 | ਸਾਇੰਸ ਮੈਡੀਕਲ/ ਨਾਨ ਮੈਡੀਕਲ | ਫਿਜ਼ਿਕਸ | 6 | 3 |
| | | ਕੈਮਿਸਟਰੀ | 6 | 3 |
| | | ਬਾਇਓਲੋਜੀ | 6 | 3 |
| | | ਮੈਥ | 9 | 0 |

| | | | | |
|---|---|---|---|---|
| 2 | ਹਿਊਮੈਨਟੀਜ਼ | ਹਿਸਟਰੀ | 9 | 0 |
| | | ਪੋਲ ਸਾਇੰਸ | 9 | 0 |
| | | ਇਕਨਾਮਿਕਸ | 9 | 0 |
| | | ਸੋਸ਼ਿਆਲੋਜੀ | 9 | 0 |
| | | ਸਰੀਰਿਕ ਸਿੱਖਿਆ | 6 | 3 |
| | | ਮਿਊਜ਼ਿਕ | 9 | 0 |
| | | ਫਾਈਨ ਆਰਟਸ | 9 | 0 |
| | | ਜੌਗਰਫੀ | 6 | 3 |
| | | ਹੋਮ ਸਾਇੰਸ | 6 | 3 |
| | | ਐਗਰੀਕਲਚਰ | 6 | 3 |
| 3 | ਭਾਸ਼ਾਵਾਂ | ਲਾਜ਼ਮੀ ਪੰਜਾਬੀ | 7 | 0 |
| | | ਲਾਜ਼ਮੀ ਅੰਗਰੇਜ਼ੀ | 8 | 0 |
| | | ਇਲੈਕਟਿਵ ਪੰਜਾਬੀ/ਹਿੰਦੀ/ਅੰਗਰੇਜ਼ੀ | 9 | 0 |
| 4 | ਕਾਮਰਸ ਗਰੁੱਪ | ਬਿਜ਼ਨਸ ਸਟਡੀਜ਼ | 7 | 0 |
| | | ਅਕਾਊਂਟੈਂਸੀ | 7 | 0 |
| | | ਬਿਜ਼ਨਸ ਇਕਨਾਮਿਕਸ ਅਤੇ ਕੁਆਨਟੇਟਿਵ ਮੈਥਿਡ | 7 | 0 |
| | | ਮਾਡਰਨ ਆਫਿਸ ਪ੍ਰੈਕਟਿਸ/ ਫੰਡਾਮੈਂਟਲ ਆਫ ਈ-ਬਿਜ਼ਨੈਸ | 6 | 0 |
| | | ਸਾਰੇ ਗਰੁੱਪਾਂ ਲਈ ਜਰੂਰੀ | | |
| 5 | | ਵਾਤਾਵਰਣ | 1 | 0 |
| | | ਕੰਪਿਊਟਰ | 2 | 3 |
| 6 | ਵੋਕੇਸ਼ਨਲ ਗਰੁੱਪ | ਜੀ ਐੱਫ ਸੀ | 6 | 0 |
| | | ਬਾਕੀ ਤਿੰਨ ਵਿਸ਼ੇ | 7 | 0 |

**ਨੋਟ :** 11ਵੀਂ ਤੇ 12ਵੀਂ ਜਮਾਤ ਦੇ ਲਾਜ਼ਮੀ ਵਿਸ਼ਿਆਂ ਦੇ 21 ਪੀਰੀਅਡ ਅਤੇ ਚੋਣਵੇਂ ਵਿਸ਼ਿਆਂ ਦੇ 27 ਭਾਵ ਕਿ ਕੁੱਲ 48 ਪੀਰੀਅਡ ਪ੍ਰਤੀ ਹਫ਼ਤਾ ਹੋਣਗੇ।

5.0 ਉਕਤ ਹੁਕਮਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ ।

6/4/18

ਧਰਮਜੀਤ ਸਿੰਘ

ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ),ਪੰਜਾਬ

ਪਿੱਠ ਅੰਕਣ ਨੰ: ਮਿਤੀ: 06-04-2018

ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਹਿੱਤ ਜੀ:-

1) ਨਿੱਜੀ ਸੱਕਤਰ / ਸਕੱਤਰ ਸਕੂਲ ਸਿੱਖਿਆ ਜੀ।
2) ਡਾਇਰੈਕਟਰ ਜਨਰਲ ਸਕੂਲ ਸਿੱਖਿਆ।
3) ਡਾਇਰੈਕਟਰ ਸਿੱਖਿਆ ਵਿਭਾਗ (ਐ:ਸਿ)।
4) ਡਾਇਰੈਕਟਰ ਐਸ.ਸੀ.ਈ.ਆਰ.ਟੀ।

6/4/18

ਧਰਮਜੀਤ ਸਿੰਘ

ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ),ਪੰਜਾਬ